# ਇਮਾਰਤਾਂ ਦੇ ਪ੍ਰਵੇਸ਼ ਰਾਸਤਿਆਂ ਬਾਰੇ ਮਾਲਕਾਂ ਦੀਆਂ ਕੀ ਜ਼ਿੰਮੇਵਾਰੀਆਂ ਹਨ? (What responsibilities employers have for access to buildings?)

ਐਲ24 (ਡਬਲਯੂਐਚਐਸਡਬਲਯੂ ਰੈਗੂਲੇਸ਼ਨਜ 1992 ਏਸੀਓਪੀ) ਵਿਚ ਦਰਜ਼ ਹੈ:

ਇਨ੍ਹਾਂ ਰੈਗੂਲੇਸ਼ਨਾ ਦਾ ਨਿਸ਼ਾਨਾ ਇਸ ਗੱਲ ਨੂੰ ਯਕੀਨੀ ਬਨਾਉਣਾ ਹੈ ਕਿ ਵਰਕਪਲੇਸਾਂ ਵਿਚ ਵਰਕਫੋਰਸ, ਜਿਸ ਵਿਚ ਅਪਾਹਜਤਾ ਵਾਲੇ ਲੋਕ ਵੀ ਹੋ ਸਕਦੇ ਹਨ, ਦੇ ਹਰ ਮੈਂਬਰ ਦੀਆਂ ਹੈਲਥ,ਸੇਫਟੀ ਅਤੇ ਵੈਲਫੇਅਰ ਦੀਆਂ ਲੋੜਾਂ ਦੀ ਪੂਰਤੀ ਹੋਵੇ। ਬਹੁਤ ਸਾਰੀਆਂ ਰੈਗੂਲੇਸ਼ਨਾ ਮੰਗ ਕਰਦੀਆਂ ਹਨ ਕਿ ਚੀਜ਼ਾਂ ਵਰਤੋਂ ਦੇ 'ਅਨਕੂਲ' ਹੋਣੀਆਂ ਚਾਹੀਦੀਆਂ ਹਨ ਜਿਵੇਂ ਰੈਗੂਲੇਸ਼ਨ 2(3) ਵਿਚ ਵਿਆਖਿਆ ਕੀਤੀ ਗਈ ਹੈ ਕਿ ਐਸੇ ਤਰੀਕੇ ਨਾਲ, ਜਿਸ ਨਾਲ ਸਪੱਸ਼ਟ ਹੋਵੇ ਕਿ ਅਪਾਹਜ ਲੋਕਾਂ ਵਲੋਂ ਵਰਤੇ ਜਾਣ ਵਾਲੇ ਟ੍ਰੈਫਿਕ ਰੂਟਸ, ਫਸਿਲਟੀਜ ਅਤੇ ਵਰਕਸਟੇਸ਼ਨ ਉਨ੍ਹਾਂ ਵਲੋਂ ਵਰਤੇ ਜਾਣ ਦੇ ਅਨਕੂਲ ਹੋਣੇ ਚਾਹੀਦੇ ਹਨ।

ਬਿਲਡਿੰਗ ਰੈਗੂਲੇਸਨਜ ਵਿਚ ਐਸੀਆਂ ਮੰਗਾ ਸ਼ਾਮਲ ਹਨ ਕਿ ਨਵੀਆਂ ਬਣਾਈਆਂ ਜਾਣ ਵਾਲੀਆਂ ਇਮਾਰਤਾਂ ਵਿਚ ਸੀਮਤ ਗਤੀਸ਼ੀਲਤਾ, ਕਮਜ਼ੋਰ ਨਜ਼ਰ ਜਾਂ ਉੱਚਾ ਸੁਨਣ ਵਾਲਿਆਂ ਲਈ ਅਸਾਨ ਪ੍ਰਵੇਸ਼ ਰਸਤੇ ਹੋਣੇ ਚਾਹੀਦੇ ਹਨ। ਅਪਾਹਜਤਾ ਵਾਲੇ ਲੋਕਾਂ ਵਾਸਤੇ ਇਮਾਰਤਾਂ ਵਿਚ ਪ੍ਰਵੇਸ਼ ਰਸਤਿਆਂ ਬਾਰੇ ਇਕ ਬ੍ਰਿਟਿਸ਼ ਸਟੈਂਡ੍ਰਡ ਵੀ ਨਿਸ਼ਚਤ ਹੈ।{ਬੀਐਸ 5810:1979 ਕੋਡ ਆਫ ਪ੍ਰੈਕਟਿਸ ਫਾਰ ਅਕਸੈੱਸ ਫਾਰ ਡਿਸਏਬਲਡ ਟੂ ਬਿਲਡਿੰਗਜ}

ਇਸ ਤੋਂ ਵੀ ਅੱਗੇ ਫੋਨ ਕਰਨ ਵਾਲਿਆਂ ਨੂੰ ਡਿਸੇਬਿਲਟੀ ਰਾਈਟਸ ਕਮਿਸ਼ਨ ਨਾਲ ਮਿਲਾਇਆ ਜਾਂਦਾ ਹੈ:

ਟੈਲੀਫੋਨ 08457 622 633
ਫੈਕਸ 08457 778 878
ਟੈਕਸਟਫੋਨ 08457 622 644

ਜਾਂ:

DRC Helpline (ਡੀਆਰਸੀ ਹੈਲਪਲਾਈਨ)
Freepost MID 02164
Stratford-upon-Avon
CV37 9HY
ਈਮੇਲ: enquiry@drc-gb.org

- DRC Website (ਡੀਆਰਸੀ ਵੈਬਸਾਈਟ)

**ਡਿਸਏਬਲਡ ਵਰਕਰਜ ਵਾਸਤੇ ਤਬਦੀਲੀਆਂ (1 ਅਕਤੂਬਰੋਂ ਤੋਂ ਬਾਅਦ) ਜਿਨ੍ਹਾਂ ਨੂੰ ਮਾਲਕਾਂ ਵਲੋਂ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ**

ਡਿਸਏਬਲਡ ਲੋਕਾਂ ਵਾਸਤੇ ਮਾਲਕਾਂ ਦੀਆਂ ਨਵੀਆਂ ਵਿਧਾਨਕ ਜ਼ਿੰਮੇਵਾਰੀਆਂ, ਜੋ 1/10/04 ਤੋਂ ਲਾਗੂ ਹੋ ਚੁੱਕੀਆਂ ਹਨ, ਬਾਰੇ ਜਾਣਕਾਰੀ ਹੇਠ ਲਿਖੀ ਵੈਬਸਾਈਟ ਉਤੇ ਦੇਖੀ ਜਾ ਸਕਦੀ ਹੈ:

- ਡਿਸੇਬਿਲਿਟੀ ਬਾਰੇ ਸਰਕਾਰ ਦੀ ਵੈਬਸਾਈਟ